# FIREWORKS

**ਕੀ ਤੁਸੀਂ ਐਡਮੰਟਨ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਆਤਸ਼ਬਾਜ਼ੀ ਦੀ ਵਰਤੋਂ ਕਰਨਾ ਚਾਹੁੰਦੇ ਹੋ?** ਸਿਟੀ ਆਫ਼ ਐਡਮੰਟਨ ਦੇ ਉਪ-ਕਾਨੂੰਨਾਂ ਦੇ ਅਧੀਨ, ਢੁਕਵੀਂ ਪਰਮਿਟ ਤੋਂ ਬਿਨਾਂ ਆਤਸ਼ਬਾਜ਼ੀ ਦੀ ਵਰਤੋਂ ਕਰਨਾ ਗੈਰ-ਕਾਨੂੰਨੀ ਹੈ ਅਤੇ ਲਾਗੂ ਕਰਨ ਦੇ ਅਧੀਨ ਹੈ। ਧਮਾਕਾ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

## ਆਤਸ਼ਬਾਜ਼ੀ ਦੀ ਵਰਤੋਂ

+ ਐਡਮੰਟਨ ਫਾਇਰ ਰੈਸਕਿਊ ਸਰਵਿਸਿਜ਼ ਵੱਲੋਂ ਜਾਰੀ ਕੀਤੇ ਗਏ ਮਨਜ਼ੂਰਸ਼ੁਦਾ ਆਤਸ਼ਬਾਜ਼ੀ ਦੇ ਪਰਮਿਟ ਵਾਲੇ ਪ੍ਰਮਾਣਿਤ ਪੇਸ਼ੇਵਰਾਂ ਨੂੰ ਹੀ ਐਡਮੰਟਨ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਆਤਸ਼ਬਾਜ਼ੀ ਦੀ ਵਰਤੋਂ ਕਰਨ ਦੀ ਆਗਿਆ ਹੈ
+ ਬਿਨਾਂ ਪਰਮਿਟ ਦੇ ਆਤਸ਼ਬਾਜ਼ੀ ਦੀ ਵਰਤੋਂ ਕਰਨਾ ਸਿਟੀ ਆਫ਼ ਐਡਮੰਟਨ ਦੇ ਉਪ-ਕਾਨੂੰਨਾਂ ਦੀ ਉਲੰਘਣਾ ਹੁੰਦੀ ਹੈ ਅਤੇ ਇਸ ਕਰਕੇ ਜੁਰਮਾਨੇ ਹੋ ਸਕਦੇ ਹਨ ਜਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ
+ ਕਿਰਪਾ ਕਰਕੇ ਪਰਮਿਟ ਲਈ ਪੂਰੀ ਭਰੀ ਅਰਜ਼ੀ ਜਮ੍ਹਾਂ ਕਰਾਉਣ ਤੋ ਬਾਅਦ ਇਸ 'ਤੇ ਪ੍ਰਕਿਰਿਆ ਕਰਨ ਲਈ 10 ਕੰਮਕਾਜੀ ਦਿਨਾਂ ਦਾ ਸਮਾਂ ਦਿਓ
+ ਆਪਣੇ ਭਾਈਚਾਰੇ ਜਾਂ ਜਨਤਕ ਇਵੈਂਟ ਲਈ ਸਾਈਟ ਨੂੰ ਪੂਰਵ-ਮਨਜ਼ੂਰੀ ਦੇਣ ਲਈ ਫਾਇਰ ਪ੍ਰੀਵੈਨਸ਼ਨ ਅਫਸਰ ਨਾਲ ਕੰਮ ਕਰੋ
+ ਜਿਸ ਵਿਅਕਤੀ ਨੂੰ ਆਤਸ਼ਬਾਜ਼ੀ ਦਾ ਪਰਮਿਟ ਜਾਰੀ ਕੀਤਾ ਗਿਆ ਹੈ, ਉਹ ਪਰਮਿਟ 'ਤੇ ਦਰਸਾਈਆਂ ਗਈਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰੇਗਾ
+ ਆਤਸ਼ਬਾਜ਼ੀ ਦੀ ਵਰਤੋਂ ਦੌਰਾਨ ਪਰਮਿਟ ਦੀ ਇੱਕ ਕਾਪੀ ਉਸ ਥਾਂ 'ਤੇ ਉਪਲਬਧ ਹੋਣੀ ਚਾਹੀਦੀ ਹੈ ਅਤੇ ਬੇਨਤੀ ਕਰਨ 'ਤੇ ਅਧਿਕਾਰੀਆਂ ਨੂੰ ਪੇਸ਼ ਕੀਤੀ ਜਾਣੀ ਚਾਹੀਦੀ ਹੈ
+ ਜਨਤਕ ਪ੍ਰਾਪਰਟੀ 'ਤੇ ਕਿਸੇ ਵੀ ਗਤੀਵਿਧੀ ਨੂੰ ਸਿਟੀ ਆਫ਼ ਐਡਮੰਟਨ ਪਬਲਿਕ ਪਲੇਸ ਬਾਈਲਾਅ ਅਤੇ ਸਿਟੀ ਆਫ਼ ਐਡਮੰਟਨ ਕਮਿਊਨਿਟੀ ਸਟੈਂਡਰਡਜ਼ ਬਾਈਲਾਅ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ
+ ਇੱਕ ਮਨਜ਼ੂਰਸ਼ੁਦਾ ਆਤਸ਼ਬਾਜ਼ੀ ਪਰਮਿਟ ਸਿਰਫ਼ ਇੱਕ ਇਵੈਂਟ ਲਈ ਵੈਧ ਹੈ
+ ਆਤਸ਼ਬਾਜ਼ੀ ਪਰਮਿਟ 'ਤੇ ਇਵੈਂਟ ਦੀ ਮਿਤੀ ਨੂੰ ਬਦਲਣ ਲਈ ਬੇਨਤੀਆਂ ਐਡਮੰਟਨ ਫਾਇਰ ਰੈਸਕਿਊ ਸਰਵਿਸਿਜ਼ ਨੂੰ efrsspecialevents@edmonton.ca 'ਤੇ ਈਮੇਲ ਕਰਕੇ ਕੀਤੀਆਂ ਜਾ ਸਕਦੀਆਂ ਹਨ।
+ ਪਰਮਿਟ ਪ੍ਰਾਪਤ ਆਤਸ਼ਬਾਜ਼ੀ ਦੀ ਵਰਤੋਂ ਕਰਨ ਤੋਂ ਲਗਭਗ 15 ਮਿੰਟ ਪਹਿਲਾਂ ਐਡਮੰਟਨ ਫਾਇਰ ਰੈਸਕਿਊ ਸਰਵਿਸਿਜ਼ ਨੂੰ 780-414-7332 'ਤੇ ਕਾਲ ਕਰੋ

## ਪਰਮਿਟ ਨਾ ਹੋਣ ਦੇ ਨਤੀਜੇ

**ਸਾਰੇ ਲਾਗੂ ਕੋਡਾਂ, ਨਿਯਮਾਂ, ਉਪ-ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ, ਅਤੇ ਸਿਟੀ ਆਫ਼ ਐਡਮੰਟਨ ਦੇ ਅੰਦਰ ਆਤਸ਼ਬਾਜ਼ੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣਾ ਗੈਰ-ਕਾਨੂੰਨੀ ਹੈ ਅਤੇ ਲਾਗੂ ਕਰਨ ਦੇ ਅਧੀਨ ਹੈ।**

ਜੇ ਸਹੀ ਢੰਗ ਨਾਲ ਵਰਤਿਆ ਜਾਂ ਸੰਭਾਲਿਆ ਨਾ ਜਾਵੇ ਤਾਂ ਆਤਸ਼ਬਾਜ਼ੀ ਵਿਅਕਤੀਆਂ, ਸੰਪਤੀ ਅਤੇ ਵਾਤਾਵਰਣ ਲਈ ਬਹੁਤ ਖਤਰਨਾਕ ਅਤੇ ਵਿਘਨਕਾਰੀ ਹੋ ਸਕਦੀ ਹੈ। ਸਿਟੀ ਆਫ਼ ਐਡਮੰਟਨ ਦੇ ਉਪ-ਕਾਨੂੰਨਾਂ ਦੇ ਤਹਿਤ, ਢੁਕਵੇਂ ਪਰਮਿਟ ਤੋਂ ਬਿਨਾਂ ਆਤਸ਼ਬਾਜ਼ੀ ਦੀ ਵਰਤੋਂ ਕਰਨਾ ਗੈਰ-ਕਾਨੂੰਨੀ ਹੈ ਅਤੇ ਲਾਗੂ ਕਰਨ ਦੇ ਅਧੀਨ ਹੈ — ਜਿਸ ਵਿੱਚ $10,000 ਤੱਕ ਦਾ ਜੁਰਮਾਨਾ ਸ਼ਾਮਲ ਹੋ ਸਕਦਾ ਹੈ। ਹਾਲਾਤਾਂ ਦੇ ਅਧਾਰ 'ਤੇ ਅਪਰਾਧਿਕ ਦੋਸ਼ ਵੀ ਲਗਾਏ ਜਾ ਸਕਦੇ ਹਨ, ਅਤੇ ਇਸ ਦੇ ਨਤੀਜੇ ਵਜੋਂ ਅਪਰਾਧਿਕ ਰਿਕਾਰਡ, ਜੁਰਮਾਨਾ ਅਤੇ ਜੇਲ੍ਹ ਦੀ ਸਜ਼ਾ ਦੀ ਸੰਭਾਵਨਾ ਹੋ ਸਕਦੀ ਹੈ।

### ਪਰਮਿਟ ਲਈ ਅਰਜ਼ੀ ਕਿਵੇਂ ਦੇਣੀ ਹੈ

ਪਰਮਿਟ ਸੰਬੰਧੀ ਲੋੜਾਂ ਲਈ Visit edmonton.ca/**Fireworks 'ਤੇ ਜਾਓ**

ਆਪਣੀ ਪੂਰੀ ਭਰੀ ਅਰਜ਼ੀ ਨੂੰ **efrsspecialevents@edmonton.ca** 'ਤੇ ਈਮੇਲ ਕਰੋ

### ਪਰਮਿਟ ਫ਼ੀਸ

ਪੇਸ਼ੇਵਰ – ਖਪਤਕਾਰ ਪਰਮਿਟਾਂ
**$100**

ਪੇਸ਼ੇਵਰ – ਉੱਚ ਖਤਰੇ ਵਾਲੀਆਂ ਪਰਮਿਟਾਂ
**$181**

## ਆਤਸ਼ਬਾਜ਼ੀ ਸੁਰੱਖਿਆ

+ ਆਤਸ਼ਬਾਜ਼ੀ ਦੀ ਵਰਤੋਂ ਸਿਰਫ਼ ਪਰਮਿਟ ਨਿਯਮਾਂ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ
+ ਜੇਕਰ ਅੱਗ 'ਤੇ ਪਾਬੰਦੀ ਹੈ ਜਾਂ ਹਵਾ 40 ਕਿ.ਮੀ/ਘੰਟਾ ਤੋਂ ਵੱਧ ਹੈ ਤਾਂ ਆਤਸ਼ਬਾਜ਼ੀ ਦੀ ਵਰਤੋਂ ਨਾ ਕਰੋ

ਕਿਰਪਾ ਕਰਕੇ ਆਤਸ਼ਬਾਜ਼ੀ ਸੰਬੰਧੀ ਚਿੰਤਾਵਾਂ ਜਾਂ ਸ਼ਿਕਾਇਤਾਂ ਲਈ 3-1-1 'ਤੇ ਸੰਪਰਕ ਕਰੋ। ਜੇ ਤੁਹਾਨੂੰ ਸ਼ੱਕ ਹੈ ਕਿ ਆਤਸ਼ਬਾਜ਼ੀ ਨਾਲ ਅੱਗ ਲੱਗ ਗਈ ਹੈ ਜਾਂ ਜੇ ਕਿਸੇ ਨੂੰ ਐਮਰਜੈਂਸੀ ਮਦਦ ਦੀ ਤੁਰੰਤ ਲੋੜ ਹੈ, ਤਾਂ ਸਿਰਫ਼ 9-1-1 'ਤੇ ਕਾਲ ਕਰੋ।

ਵਧੇਰੇ ਜਾਣਕਾਰੀ ਲਈ,
edmonton.ca/**Fireworks**' ਤੇ ਜਾਓ

Edmonton